Weekly

# CANADA SIKH TIMES

17 - 23 February 2024

ਕੈਨੇਡਾ ਸਿੱਖ ਟਾਈਮਜ਼

Volume 2 Issue 7

• RELIGION • CULTURE • HERITAGE • BUSINESS

## Canada Govt. launches Campaign to help Canadians in their Careers



As Canada's labour market evolves, it is vital for Canadians to continue learning and upgrading their skills to take advantage of new work opportunities, find well-paying jobs and build rewarding careers. Today, the Minister of Employment, Workforce Development and Official Languages, Randy Boissonnault, announced the launch of the Upgrade Your Skills advertising campaign to inform Canadians about financial supports and programs available to help them gain the skills needed to succeed in today's labour market. The campaign runs from February 5 until March 31, 2024, and targets youth (age 18 to 24) looking to start their career and adults (age 25 to 54) looking to upskill and change or improve their career.

## ਅਮਰੀਕਾ ਦੇ ਮਿਨੀਸੋਟਾ ਦੇ ਸਕੂਲਾਂ ਵਿਚ ਪੜ੍ਹਾਇਆ ਜਾਵੇਗਾ ਸਿੱਖ ਧਰਮ



ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਅਤੇ ਸਿੱਖ ਧਰਮ ਦੀਆਂ ਸਿੱਖਿਆਵਾਂ ਨੂੰ ਸਕੂਲੀ ਸਿਲੇਬਸ 'ਚ ਸ਼ਾਮਲ ਕਰਨ ਵਾਲਾ ਮਿਨੇਸੋਟਾ ਅਮਰੀਕਾ ਦਾ 19ਵਾਂ ਸੂਬਾ ਬਣ ਗਿਆ ਹੈ। ਸਥਾਨਕ ਪੱਧਰ 'ਤੇ ਸਮਾਵੇਸ਼ੀ ਮਾਪਦੰਡਾਂ ਨੂੰ ਅਪਣਾਉਣਾ ਅਤੇ ਲਾਗੂ ਕਰਨਾ 2026-2027 ਦੇ ਸਕੂਲੀ ਸਾਲ ਤੋਂ ਸ਼ੁਰੂ ਹੋ ਜਾਵੇਗਾ, ਜਿਸ ਨਾਲ ਮਿਨੇਸੋਟਾ ਦੇ ਪਬਲਿਕ ਸਕੂਲਾਂ ਦੇ ਲਗਭਗ 8 ਲੱਖ ਵਿਦਿਆਰਥੀਆਂ ਨੂੰ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਮਿਲੇਗਾ। ਸਿੱਖ ਕੋਅਲੀਸ਼ਨ ਨੇ ਕਿਹਾ, "19 ਸੂਬਿਆਂ ਦੇ ਲਗਭਗ 26 ਮਿਲੀਅਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੂੰ ਸਿੱਖ ਧਰਮ ਬਾਰੇ ਜਾਣਨ ਦਾ ਮੌਕਾ ਮਿਲੇਗਾ। ਲਗਭਗ 9,000 ਅਧਿਆਪਕਾਂ ਦੀ ਕਾਲਜ, ਕੇਅਰ ਅਤੇ ਨਾਗਰਿਕ ਜੀਵਨ ਤਕ ਪਹੁੰਚ ਹੋਵੇਗੀ, ਜਿਸ ਦੀ ਵਰਤੋਂ ਅਧਿਆਪਕ ਵਿਦਿਆਰਥੀਆਂ ਨੂੰ ਸਿੱਖ ਧਰਮ ਬਾਰੇ ਸਿਖਾਉਣ ਲਈ ਕਰ ਸਕਦੇ ਹਨ।" ਦੇਸ਼ਾਂ-ਵਿਦੇਸ਼ਾਂ ਵਿਚ ਵੱਸਦੇ ਸਿੱਖ ਭਾਈਚਾਰੇ ਲਈ ਬਹੁਤ ਮਾਣ ਦੀ ਗੱਲ ਹੈ।

## ਖ਼ਲਕਤ ਨੂੰ ਸੇਧ




ਗੁਰਬਾਣੀ ਸਾਨੂੰ ਅਨੰਦਮਈ ਜੀਵਨ ਜੀਉਣ ਲਈ ਕਈ ਨੁਕਤੇ ਸਮਝਾਉਂਦੀ ਹੈ। ਜਿਨ੍ਹਾਂ 'ਚੋਂ ਕੁਝ ਇਸ ਪ੍ਰਕਾਰ ਹਨ:

1. ਈਰਖਾ: ਸੁਆਦ ਬਾਦ ਈਰਖ ਮਦ ਮਾਇਆ॥ ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ॥ ਈਰਖਾ ਬਹੁਤ ਛੋਟਾ ਪਰ ਬੇਹੱਦ ਭਿਆਨਕ ਲਫ਼ਜ਼ ਹੈ। ਇਸ ਨੂੰ ਇਕ ਤਰ੍ਹਾਂ ਦਾ ਮਾਨਸਿਕ ਰੋਗ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਦਰਅਸਲ ਈਰਖਾਲੂ ਹੋਰਾਂ ਨਾਲ ਨਫ਼ਰਤ ਕਰ ਕੇ ਆਪਣਾ ਹੀ ਨੁਕਸਾਨ ਕਰ ਰਿਹਾ ਹੁੰਦਾ ਹੈ। ਈਰਖਾ ਨਿਕੰਮੇਪਣ ਅਤੇ ਸੌੜੀ ਸੋਚ 'ਚੋਂ ਜਨਮ ਲੈਂਦੀ ਹੈ।

2. ਰੀਸ: ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥ ਭਾਵ ਕਿਸੇ ਸ੍ਰੇਸ਼ਟ ਮਨੁੱਖ ਦੀ ਸ਼ਖ਼ਸ਼ੀਅਤ ਤੋਂ ਪ੍ਰਭਾਵਤ ਹੋ ਕੇ ਉਸਦੇ ਚੰਗੇ ਗੁਣਾਂ ਨੂੰ ਗ੍ਰਹਿਣ ਕਰਨਾ ਮਾੜੀ ਗੱਲ ਨਹੀਂ। ਪਰੰਤੂ ਕਿਸੇ ਤੋਂ ਪ੍ਰਭਾਵਿਤ ਹੋ ਕੇ ਮਾਇਆ ਪ੍ਰਾਪਤ ਕਰਨ ਦੇ ਨੀਵੇਂ ਪਧਰ ਵਾਲੇ ਰਾਹ ਅਪਨਾਉਣੇ ਅਸਲੋਂ ਮਾੜੀ ਗੱਲ ਹੈ।

3. ਚਿੰਤਾ: ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥ ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥ ਚਿੰਤਾ ਚਿਖਾ ਸਮਾਨ ਹੁੰਦੀ ਹੈ। ਜਿਹੜਾ ਮਨੁੱਖ ਬੀਤੇ 'ਤੇ ਝੂਰਦਾ ਰਹਿੰਦਾ ਹੈ, ਵਰਤਮਾਨ ਲਈ ਪ੍ਰੇਸ਼ਾਨ ਰਹਿੰਦਾ ਹੈ ਅਤੇ ਭਵਿੱਖ ਤੋਂ ਡਰਦਾ ਰਹਿੰਦਾ ਹੈ, ਉਹ ਅਸਲ ਵਿਚ ਚਿਖਾ 'ਤੇ ਪਿਆ ਹੀ ਜ਼ਿੰਦਗੀ ਬਿਤਾ ਰਿਹਾ ਹੈ।

4. ਆਸ: ਸਭਨਾ ਤੇਰੀ ਆਸ ਪ੍ਰਭੁ ਸਭ ਜੀਅ ਤੇਰੇ ਤੂੰ ਰਾਸਿ॥ ਕਿਸੇ ਦੇਹ ਤੇ ਆਸ ਨਾ ਰੱਖਦਿਆਂ ਹੋਇਆਂ ਸਿਰਫ ਸ਼ਬਦ ਗੁਰੂ ਅਤੇ ਅਕਾਲ ਪੁਰਖ ਤੇ ਦ੍ਰਿੜ੍ਹ ਵਿਸ਼ਵਾਸ ਰੱਖਣਾ ਚਾਹੀਦਾ ਹੈ ਕਿਉਂਕਿ ਸਾਰੀਆਂ ਆਸਾਂ ਪ੍ਰਮਾਤਮਾ ਨੇ ਹੀ ਪੂਰਨ ਕਰਨੀਆਂ ਹਨ।

5. ਸ਼ਿਕਾਇਤ: ਜੇਕਰ ਅਨੰਦਮਈ ਜੀਵਨ ਪ੍ਰਾਪਤ ਕਰਨਾ ਹੈ ਤਾਂ ਦੁਨੀਆ ਸਾਹਮਣੇ ਸ਼ਿਕਾਇਤਾਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਕਿਉਂਕਿ ਸਾਡੀਆਂ ਸਾਰੀਆਂ ਸ਼ਿਕਾਇਤਾਂ ਦਾ ਸਮਾਧਾਨ ਸਿਰਫ ਗੁਰੂ ਤੇ ਗੁਰਬਾਣੀ ਰਾਹੀਂ ਹੀ ਹੋ ਸਕਦਾ ਹੈ। ਜੇਕਰ ਟੇਕ ਰੱਖਣੀ ਹੈ ਤਾਂ ਸਿਰਫ ਅਕਾਲ ਪੁਰਖ ਵਾਹਿਗੁਰੂ 'ਤੇ ਰੱਖੋ: ਉਲਾਹਨੋ ਮੈ ਕਾਹੂ ਨ ਦੀਓ॥ ਮਨ ਮੀਠ ਤੁਹਾਰੋ ਕੀਓ॥

– ਪੁਸਤਕ ਆਗਾਹਾ ਕੂ ਤ੍ਰਾਘਿ 'ਚੋਂ

DESH VIDESH

# Sikhs and Sikhism in Nepal-2

- Santokh Singh Bains (Chicago, USA)

## Guru Nanak's Travel to Nepal

Guru Nanak travelled to Nepal during his third Udasi (1513 to 1518). It is believed that he was in that country for more than one year.

He presumably entered Nepal from Sitamarhi (Bihar) and then reached Janakpur (believed to be the birthplace of Sita). Then he proceeded to Birat Nagar and visited Chatra. The historic shrine at Chatra was managed by the Udasi saints for a long time.

The Guru then proceeded to three nearby places which were located in the forest region; the historic Sikh shrines situated at these places are known as Bhedia Math, Dhunia Math, and Takia Math.

According to the oral tradition (passed from one Udasi saint to another and so on), when Guru Nanak was spreading his universal message of love, peace and harmony at Bhedia, the villagers gathered around him and listened to his sermon, and thereafter, asked him to distribute Prasad to them. But the Guru did not have any eatable with him which could be distributed as Prasad. When the devotees insisted, the Guru asked them to go to the nearby Sal tree and pluck mangoes from that tree. Surprisingly, when the devotees reached near the Sal tree, they found mangoes hanging from the Sal tree's branches. So the mangoes were plucked and brought to the Guru who then distributed the same to the villagers as Prasad. The Sal tree is still standing there and bearing mangoes even now.

Guru Nanak then proceeded to another nearby place which came to be known as Dhunia. It is said that the people, who surrounded the Guru to hear his sermon, were shivering because the weather was extremely cold. Guru Nanak then miraculously started a minor fire to provide relief to the villagers who had gathered around him. The Sikh shrine commemorating the Guru's visit is known as Dhunia Math.

Another nearby place visited by the Guru came to be known as Takia. While the Guru was explaining his lofty message of Fatherhood of God and Brotherhood of Man, some villagers placed a pillow (Takia) behind him for support. Hence, the shrine commemorating the Guru's visit to this place came to be known as Takia Math.




It is said that the Nepalese contemporary ruler had donated a vast area of land to Guru Nanak to enable him to carry on his missionary work in that region. All of the three Maths, which are located close to each other, are actually parts of that vast land.

All of the three Maths are managed by the Udasi saints. Saroops of Guru Granth Sahib were kept at all of the three Maths till sometime back. The Udasi saints used to sprinkle water on the floors and walls of the Maths. Due to their ignorance, they used to sprinkle water on the Saroops of Guru Granth Sahib also. Consequently, the Saroops got extensively damaged. Hence, these Saroops were taken away from the three Maths. New Saroops of Guru Granth Sahib are expected to be placed at the three Maths soon.

(Towards East Koshi Barrage, near Ramdhuni Math and Chatra, hundreds of Bighas of land along with small gurdwaras and Saroops of Guru Granth Sahib have vanished. The gurdwara and holy Guru Granth Sahib in Kalaiya Bara near Dharmanagar are also believed to have been destroyed. Kathmandu Gurdwara Managing Committee urgently needs to salvage whatever land still remains, and to establish and manage small gurdwaras in this very vast area).

Continuing his journey in Nepal, Guru Nanak visited Dhomri fort and then passed through Shivpur before reaching Brahmkund where he attended a fair. As the people of that area used to worship Yakshas, the Guru persuaded them to worship One Supreme God only. Nepalis of that area still remember Guru Nanak as Nanak Rishi.

Guru Nanak then proceeded to Lakhanpur and Palti lake. Thereafter, through the hills of Hawal Khanchi, he reached Krishna Tal where he preached his gospel of One God and universal brotherhood. Moving through Dhaulgiri ridges, the Guru reached Kathmandu, the capital of Nepal. (Kathmandu was known as Kantipur at that time).

**(Continued)**

# HERITAGE

## ਵੈਨਕੂਵਰ ’ਚ ‘ਕਾਮਾਗਾਟਾ ਮਾਰੂ ਜਹਾਜ਼’ ਦੇ ਸਨਮਾਨ ’ਚ ਸਟ੍ਰੀਟ ਚਿੰਨ੍ਹ ਦਾ ਉਦਘਾਟਨ




ਕੈਨੇਡਾ ਵਿਖੇ ਮੇਅਰ ਕੇਨਸਿਮ ਦੁਆਰਾ ਦੱਖਣੀ ਏਸ਼ੀਆਈ ਕੈਨੇਡੀਅਨ ਭਾਈਚਾਰਿਆਂ ਦੇ ਸਟੇਕਹੋਲਡਰਾਂ ਸਮੇਤ ਵਿਸ਼ੇਸ਼ ਮਿਹਮਾਨਾਂ ਦੀ ਹਾਜ਼ਰੀ ਵਿਚ ਡਾਊਨਟਾਊਨ ਵੈਨਕੂਵਰ ਵਿੱਚ ਕਾਮਾਗਾਟਾ ਮਾਰੂ ਸਟ੍ਰੀਟ ਚਿੰਨ੍ਹ ਦਾ ਉਦਘਾਟਨ ਕੀਤਾ ਗਿਆ। ਕਾਮਾਗਾਟਾ ਮਾਰੂ ਸਥਾਨ ਲਈ ਥਾਂ ਦੀ ਚੋਣ ਇਸਦੀ ਇਤਿਹਾਸਕ ਮਹੱਤਤਾ ਕਾਰਨ ਕੀਤੀ ਗਈ ਸੀ, ਜੋ ਕਿ 1914 ਵਿਚ ਬਰਾਰਡ ਇਨਲੇਟ ਵਿਚ ਕਾਮਾਗਾਟਾ ਮਾਰੂ ਜਹਾਜ਼ ਦਾ ਸਭ ਤੋਂ ਨਜ਼ਦੀਕੀ ਸਥਾਨ ਸੀ। ਜ਼ਿਕਰਯੋਗ ਹੈ 18 ਮਈ, 2021 ਨੂੰ, ਵੈਨਕੂਵਰ ਸਿਟੀ ਕੌਂਸਲ ਨੇ 1914 ਵਿਚ ਕਾਮਾਗਾਟਾ ਮਾਰੂ ਵਿਚ ਸਵਾਰ ਯਾਤਰੀਆਂ ਨਾਲ ਵਿਤਕਰਾ ਕਰਨ ਵਿਚ ਨਿਭਾਈ ਗਈ ਭੂਮਿਕਾ ਲਈ ਰਸਮੀ ਤੌਰ ’ਤੇ ਮੁਆਫੀ ਮੰਗੀ ਅਤੇ ਅਧਿਕਾਰਤ ਤੌਰ ’ਤੇ 23 ਮਈ ਨੂੰ ਕਾਮਾਗਾਟਾ ਮਾਰੂ ਯਾਦਗਾਰ ਦਿਵਸ ਵਜੋਂ ਘੋਸ਼ਿਤ ਕੀਤਾ।

## ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸੰਘਰਸ਼ ਜਾਰੀ, ਹੁਣ ਚੈਰਿਟੀਜ਼ ਨੇ ਵੀ ਹੱਥ ਕੀਤੇ ਖੜ੍ਹੇ




ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਰਿਹਾਇਸ਼ੀ ਅਤੇ ਮੁੱਢਲੀਆਂ ਲੋੜਾਂ ਪੂਰਾ ਕਰਨ ਲਈ ਸੰਘਰਸ਼ ਕਰ ਰਹੇ ਹਨ। ਇਸ ਦੌਰਾਨ ਚੈਰਿਟੀ ਸੰਸਥਾਵਾਂ ਨੇ ਵੀ ਹੱਥ ਖੜ੍ਹੇ ਕਰ ਦਿੱਤੇ ਹਨ। ਇਨ੍ਹਾਂ ਸਹਾਇਤਾ ਸਮੂਹਾਂ ਦਾ ਕਹਿਣਾ ਹੈ ਕਿ ਉਹ ਪਹਿਲੋਂ ਹੀ ਕੈਨੇਡਾ ਵਿੱਚ ਭੋਜਨ, ਕੱਪੜਿਆਂ ਅਤੇ ਰਿਹਾਇਸ਼ ਲਈ ਸੰਘਰਸ਼ ਕਰ ਰਹੇ 8000 ਤੋਂ ਵੱਧ ਵਿਦਿਆਰਥੀਆਂ ਦੀ ਮਦਦ ਕਰ ਰਹੇ ਹਨ। ਲੋੜ ਹੈ ਕਿ ਹੁਣ ਸਰਕਾਰ ਆਪ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਹਾਇਤਾ ਲਈ ਅੱਗੇ ਆਉਣ।




## Congratulations to Harjas Singh on winning the U19's ICC World Cup



Harjas Singh's standout half-century played a key role in Australia clinching their fourth U-19 World Cup title on Sunday, 11 February. Scoring 55 off 64 balls in the final against India, Harjas contributed significantly to Australia's 79-run victory in Benoni, South Africa. Despite his earlier struggles, the 19-year-old rose to the occasion, propelling his team to victory when it mattered most - in the chase of 254, India was bowled out for 174, with Mahli Beardman and Raf MacMillan taking three wickets each.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਕਿਸੀ ਲਿਖਾਰੀ ਵਲੋਂ ਅਗਰ ਗੁਰੂ ਸਾਹਿਬ ਦੀ ਸਖਸ਼ੀਅਤ ਜਾਂ ਆਚਰਣ ਬਾਰੇ ਕੋਈ ਗਲਤ ਬਿਆਨੀ ਕੀਤੀ ਗਈ ਹੋਵੇ ਤਾਂ ਸਾਨੂੰ ਉਸਦੀ ਬਾਕੀ ਲਿਖਤਾਂ ਨੂੰ ਵੀ ਨਕਾਰਨਾ ਪਵੇਗਾ ਕਿਉਂਕਿ?**

a. ਉਸ ਲਿਖਾਰੀ ਦੀ ਨੀਯਤ ਵਿੱਚ ਖੋਟ ਹੈ
b. ਉਸਦੀ ਬਾਕੀ ਲਿਖਤਾਂ ਵੀ ਸਿਖਾਂ ਨੂੰ ਭਰਮਾਉਣ ਲਈ ਹਨ
c. ਉਸਦਾ ਮੰਤਵ ਗੁਰੂ ਸਾਹਿਬ ਦੀ ਨਿਰਾਦਰੀ ਕਰਨਾ ਹੈ
d. ਇਹ ਸਾਰੀਆਂ ਗਲਾ ਕਰਕੇ

**2. ਸਿੱਖ ਕੌਮ ਦੀ ਚੜਦੀ ਕਲਾ ਕਿਵੇਂ ਹੋ ਸਕਦੀ ਹੈ?**

a. ਦਿਖਾਵੇ ਦੇ ਕਾਰਜਾਂ ਨਾਲ
b. ਆਪਸੀ ਮਿਲਵਰਤਨ ਨਾਲ
c. ਬਾਣੀ ਦੀ ਸੋਝੀ ਤੇ ਵਿਰਸੇ ਦੇ ਪ੍ਰਚਾਰ ਨਾਲ
d. B ਅਤੇ C ਦੋਵੇਂ

**3. ਗੁਰੂ ਗ੍ਰੰਥ ਸਹਿਬ ਦੇ ਕਿਸ ਅੰਕ ਤੇ ਅਕਾਲ ਪੁਰਖ ਨੂੰ ਇਕ ਵੱਡਾ ਕਿਸਾਨ ਕਹਿ ਕੇ ਸੰਬੋਧਨ ਕੀਤਾ ਹੈ?**

a. 22 b. 15 c. 18 d. 111

**4. ਸਿੱਖੀ ਦੀ ਖੁਸ਼ਬੋ ਦੁਨੀਆ ਭਰ ਵਿੱਚ ਫੈਲਾਉਣ ਲਈ ਹਰ ਗੁਰਸਿੱਖ ਨੂੰ ਕੀ ਕੰਮ ਕਰਨੇ ਚਾਹੀਦੇ ਹਨ?**

a. ਸਾਰਿਆਂ ਨਾਲ ਚੰਗਾ ਵਿਹਾਰ b. ਕਾਨੂੰਨਾ ਦਾ ਪਾਲਨ
c. ਬਾਣੀ ਦੁਆਰਾ ਲੋਕਾਈ ਨੂੰ ਸੇਧ d. ਇਹ ਸਾਰੇ ਹੀ

(ਦੇਖੋ ਉੱਤਰ ਪੰਨਾ 4 ’ਤੇ)




## Season 31 Episode 10

Please watch Aao Baniye Gursikh Pyara Quiz show on Chardikla Time TV every Sunday at 10.30AM.
In USA and Canada 2.30PM (Est.).
In Australia 3PM.
In UK 8.30PM.
SPONSORED by SIMCO HAIR FIXER.
Supported by Wybor TV.
Visit our website www.aaobaniyegursikhpyara.org

# ਦਿਮਾਗ ਵਿਚ ਚਿੱਪ ਲੱਗਣ 'ਤੇ ਅਧਰੰਗ ਵਾਲੇ ਮਰੀਜ਼ ਚੱਲਣਗੇ ਅਤੇ ਨੇਤਰਹੀਣ ਵੇਖਣਗੇ

ਅਮਰੀਕੀ ਕਾਰੋਬਾਰੀ ਇਲੋਨ ਮਸਕ ਹੁਣ ਅਜਿਹੀ ਡਾਕਟਰੀ ਪ੍ਰਣਾਲੀ ਵਿਕਸਤ ਕਰ ਰਿਹਾ ਹੈ ਜਿਸ ਨਾਲ ਅਧਰੰਗ ਚੱਲ ਸਕਣਗੇ ਅਤੇ ਨੇਤਰਹੀਣ ਵੇਖ ਸਕਣਗੇ। ਇਸ ਪ੍ਰਣਾਲੀ ਦਾ ਨਾਂਅ ਹੈ 'ਨਿਊਰਾਲਿੰਕ'। ਰੋਬੋਟ ਸਰਜਰੀ ਦੇ ਰਾਹੀਂ ਮਨੁੱਖ ਦੇ ਦਿਮਾਗ ਵਿਚ ਇਕ ਚਿੱਪ ਲਗਾਈ ਜਾਵੇਗੀ। ਇਹ ਯੰਤਰ ਇੱਕ ਛੋਟੇ ਸਿੱਕੇ ਦੇ ਆਕਾਰ ਦਾ ਹੈ, ਜੋ ਮਨੁੱਖੀ ਦਿਮਾਗ ਅਤੇ ਕੰਪਿਊਟਰ ਵਿਚਕਾਰ ਸਿੱਧਾ ਸੰਚਾਰ ਚੈਨਲ ਬਣਾਏਗਾ। ਕੰਪਨੀ ਨੇ ਇਸ ਚਿੱਪ ਦਾ ਨਾਂ 'ਲਿੰਕ' ਰੱਖਿਆ ਹੈ। 6 ਸਾਲ ਤੱਕ ਇਸ ਚਿੱਪ ਨੂੰ ਪ੍ਰਯੋਗ ਅਧੀਨ ਰੱਖਿਆ ਜਾਵੇਗਾ ਅਤੇ ਫਿਰ ਇਸਨੂੰ ਜਨਤਾ ਲਈ ਵਰਤਿਆ ਜਾਵੇਗਾ। ਇਲੋਨ ਮਸਕ ਦਾ ਕਹਿਣਾ ਹੈ ਕਿ ਇਸ ਡਿਵਾਈਸ ਦੇ ਜ਼ਰੀਏ ਤੁਸੀਂ ਆਪਣੇ ਫੋਨ, ਕੰਪਿਊਟਰ ਅਤੇ ਕਿਸੇ ਵੀ ਹੋਰ ਡਿਵਾਈਸ ਨੂੰ ਸਿਰਫ ਸੋਚ ਕੇ ਕੰਟਰੋਲ ਕਰ ਸਕੋਗੇ। ਸੋ ਅਦਭੁੱਤ ਦਿਮਾਗ ਦੇ ਵਿਕਾਸ ਵਿਚ ਇਹ ਨਵੀਂ ਖੋਜ ਵੱਡੀ ਕ੍ਰਾਂਤੀ ਨੂੰ ਜਨਮ ਦੇਵੇਗੀ।










## SIKH MATRIMONIALS

Gursikh Boy /27/175 cms/ M.Sc. Data Scientist Annual Income 85000 CHF/ Switzerland/ Contact +41 79 134 96 22

Gursikh Girl/35/5'4"/PhD(Biotechnology)/ Canada PR/ Father Doctor Ex Army/ Seeking Qualified Gursikh Match Contact +91 9815542987

Gursikh Boy 26/5'6"/US Citizen /Working as Attorney/ Income 6 Figures/ Family Business of Gas Station & Catering Contact+16304015980

Gursikh Girl , 28 / 5' / Post Graduate in Human Resources / Assistant HR in BC Govt run NPO / Permanent Resident of Canada / Contact + 91 9811051277

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. D 3. C 4. D

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Manmeet Kaur (UK), Taranpreet Singh (India), Harman Singh (Canada)



email: canadasikhtimes@gmail.com, M: +1 437 673 7555